**ਵਿਸ਼ਾ:- ਮਿਤੀ 06.05.2016 ਨੂੰ ਸਿਵਲ ਸਕੱਤਰੇਤ-2 ਵਿਖੇ ਹੋਈ ਸਿਵਲ ਸਰਜਨਸ ਵੀਡੀਓ ਕਾਨਫਰੰਸ ਦੀ ਪ੍ਰੋਸੀਡਿੰਗ।**

ਮਿਤੀ 06.05.2016 ਨੂੰ ਪ੍ਰਮੁੱਖ ਸਕੱਤਰ ਸਿਹਤ ਤੇ ਪਰਿਵਾਰ ਭਲਾਈ ਪੰਜਾਬ ਸ੍ਰੀਮਤੀ ਵਿਨੀ ਮਹਾਜਨ ਆਈ.ਏ.ਐਸ. ਜੀ ਦੀ ਪ੍ਰਧਾਨਗੀ ਹੇਠ ਉਨ੍ਹਾ ਦੇ ਦਫ਼ਤਰੀ ਕਮਰੇ ਪੰਜਾਬ ਸਿਵਲ ਸਕੱਤਰੇਤ-2 ਵਿਖੇ ਸਿਵਲ ਸਰਜਨਸ ਵੀਡੀਓ ਕਾਨਫਰੰਸ ਹੋਈ। ਕਾਨਫਰੰਸ ਵਿੱਚ ਐਮ.ਡੀ.ਐਨ.ਐਚ.ਐਮ/ਪੀ.ਐਚ.ਐਸ.ਸੀ ਸ੍ਰੀ ਹੁਸਨ ਲਾਲ ਆਈ.ਏ.ਐਸ,ਵਿਸ਼ੇਸ਼ ਸਕੱਤਰ ਸਿਹਤ ਸ੍ਰੀ ਵਿਕਾਸ ਗਰਗ, ਡੀ.ਐਚ.ਐਸ ਪੰਜਾਬ ਡਾ: ਹਰਿੰਦਰਪਾਲ ਸਿੰਘ ਬਾਲੀ, ਡੀ.ਐਚ ਐਸ (ਫ਼ ਵ) ਡਾ: ਊਸ਼ਾ ਬਾਂਸਲ, ਡਾਇਰੈਕਟਰ ਈ.ਐਸ.ਆਈ ਡਾ: ਗੁਲਸ਼ਨ ਰਾਏ, ਡਾਇਰੈਕਟਰ ਆਯੁਰਵੇਦਾ ਡਾ: ਰਾਕੇਸ਼ ਸ਼ਰਮਾ, ਅਤੇ ਰਾਜ ਪੱਧਰੀ ਸਮੂਹ ਸਿਹਤ ਪ੍ਰੋਗਰਾਮ ਅਫ਼ਸਰ ਹਾਜ਼ਰ ਹੋਏ।

ਪ੍ਰਮੁੱਖ ਸਕੱਤਰ ਸਿਹਤ ਤੇ ਪਰਿਵਾਰ ਭਲਾਈ ਪੰਜਾਬ ਸ੍ਰੀਮਤੀ ਵਿਨੀ ਮਹਾਜਨ ਅਤੇ ਸਮੂਹ ਅਫ਼ਸਰ ਸਾਹਿਬਾਨ ਨੂੰ ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਡਾ: ਹਰਿੰਦਰਪਾਲ ਸਿੰਘ ਬਾਲੀ ਜੀ ਵੱਲੋਂ ' ਜੀ ਆਇਆ ਨੂੰ ' ਕਿਹਾ ਗਿਆ।

ਕਾਨਫਰੰਸ ਵਿੱਚ ਪੰਜਾਬ ਰਾਜ ਦੇ ਸਮੂਹ ਸਿਵਲ ਸਰਜਨ ਆਪਣੇ-ਆਪਣੇ ਜ਼ਿਲ੍ਹੇ ਦੇ ਸੀ.ਐਚ.ਸੀ/ਬਲਾਕ ਇੰਚਾਰਜਾਂ ਸਮੇਤ ਵੀਡੀਓ ਕਾਨਫਰੰਸ ਰਾਹੀ ਜੁੜੇ। ਪ੍ਰਮੁੱਖ ਸਕੱਤਰ ਸਿਹਤ ਜੀ ਵੱਲੋ ਜ਼ਿਲ੍ਹਿਆ ਵਿੱਚ ਚੱਲ ਰਹੇ ਸਿਹਤ ਪ੍ਰੋਗਰਾਮਾਂ/ ਨੈਸ਼ਨਲ ਪ੍ਰੋਗਰਾਮਾ/ਐਨ.ਐਚ.ਐਮ ਦੇ ਫੰਡਾ ਦਾ ਜਾਇਜਾ ਲਿਆ ਗਿਆ।ਸਿਵਲ ਸਰਜਨਾ ਵੱਲੋ ਆਪਣੇ ਆਪਣੇ ਜਿਲੇ ਨਾਲ ਸੰਬਧਤ ਸਿਹਤ ਪ੍ਰੋਗਰਾਮਾ/ਚੱਲ ਰਹੀਆ ਗਤੀਵਿਧੀਆ ਅਤੇ ਰਿਪੋਰਟਾ/ਅੰਕੜਿਆ ਆਦਿ ਬਾਰੇ ਦੱਸਿਆ। ਪ੍ਰਮੁੱਖ ਸਕੱਤਰ ਸਿਹਤ ਜੀ ਵੱਲੋ ਸਮੂਹ ਸਿਵਲ ਸਰਜਨਾ ਨੂੰ ਫੀਲਡ ਵਿੱਚ ਆਉਦੀਆ ਸਮੱਸਿਆਵਾ ਵੀ ਸੁਣੀਆ ਅਤੇ ਉਹਨਾ ਨੂੰ ਹੱਲ ਕੀਤਾ ਗਿਆ ।ਮਾਨਯੋਗ ਪ੍ਰਮੁੱਖ ਸਕੱਤਰ ਜੀ ਵੱਲੋ ਸਿਵਲ ਸਰਜਨਸ ਵੀਡੀਓ ਕਾਨਫਰੰਸ ਦੋਰਾਨ ਲਏ ਗਏ ਨਿਰਣਿਆ/ ਦਿਸ਼ਾ ਨਿਰਦੇਸ਼ਾ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :-

- ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ ਦਾ ਰੀਵਿਊ ਕੀਤਾ ਗਿਆ । ਇਸ ਯੋਜਨਾ ਬਾਰੇ ਲੋਕਾ ਨੂੰ ਜਾਗਰੂਕ ਕਰਨ ਲਈ ਹਸਪਤਾਲਾ ਵਿੱਚ ਫਲੈਕਸ ਬੋਰਡ ਲਗਵਾਏ ਜਾਣ। ਹਰ ਇਕ ਹਸਪਤਾਲ ਵਿੱਚ ਇਸ ਯੋਜਨਾ ਸੰਬੰਧੀ ਰਜਿਸਟ੍ਰੇਸ਼ਨ ਕੋਰਨਰ ਬਣਾਇਆ ਜਾਵੇ ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ ਅਧੀਨ ਵੱਧ ਤੋਂ ਵੱਧ ਮਰੀਜ ਸਰਕਾਰੀ ਹਸਪਤਾਲਾ ਵਿੱਚ ਲਿਆਉਣ ਦੀ ਕੋਸ਼ਿਸ਼ ਕੀਤੀ ਜਾਵੇ। ਤਾਂ ਜ਼ੋ ਯੂਜਰ ਚਾਰਜਿਸ ਵਿੱਚ ਵਾਧਾ ਹੋ ਸਕੇ। ਮਰੀਜਾ ਨਾਲ ਵਧੀਆ ਵਿਵਹਾਰ ਕੀਤਾ ਜਾਵੇ ਅਤੇ ਵਧੀਆ ਇਲਾਜ ਕੀਤਾ ਜਾਵੇ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ ਦੇ ਬਿਲ ਸਹੀ ਤਰੀਕੇ ਨਾਲ ਰਿਕਾਰਡ ਕੀਤੇ ਜਾਣ।ਤਾਂ ਜੋ ਪੈਮੈਂਟਸ ਛੇਤੀ ਤੋ ਛੇਤੀ ਹੋ ਸਕਣ ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਸਮੂਹ ਅਧਿਕਾਰੀ/ਕਰਮਚਾਰੀਆ ਦੀਆ ਸਾਲ 2015-16 ਦੀਆ ਸਲਾਨਾ ਗੁਪਤ ਰਿਪੋਰਟਾ ਕੰਪਲੀਟ ਕੀਤੀਆ ਜਾਣ ।

**(ਸਮੂਹ ਸਿਵਲ ਸਰਜਨ ਕਾਰਵਾਈਕਰਨ)**

- ਨਵ ਨਿਯੁਕਤ ਸਪੈਸ਼ਲਿਸਟ ਡਾਕਟਰਾਂ ਦੇ ਕੰਮ ਦਾ ਰਿਵੀਊ ਕੀਤਾ ਜਾਵੇ। ਜੇ ਕਰ ਕਿਸੇ ਡਾਕਟਰ ਨੂੰ ਟ੍ਰੇਨਿੰਗ ਦੀ ਲੋੜ ਹੋਵੇ ਤਾਂ ਟ੍ਰੇਨਿੰਗ ਦੇ ਦਿੱਤੀ ਜਾਵੇ ।

**(ਸਮੂਹ ਸਿਵਲ ਸਰਜਨ ਕਾਰਵਾਈਕਰਨ)**

- ਨਵ ਨਿਯੁਕਤ ਡਾਕਟਰਾ ਦੀ ਸੈਲਰੀ ਨਹੀ ਰੁਕਣੀ ਚਾਹੀਦੀ। ਇਸ ਲਈ ਲੋੜੀਂਦੇ ਪ੍ਰਬੰਧ ਕੀਤੇ ਜਾਣ ।ਜੇ ਲੋੜ ਪਵੇ ਤਾਂ ਯੂਜ਼ਰ ਚਾਰਜਿਸ/ਆਰ.ਕੇ.ਐਸ ਤੋ ਉਧਾਰ ਲਿਆ ਜਾਵੇ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਕੈਂਸਰ ਦੇ ਮਰੀਜਾ ਦੇ ਕੈਸ਼ਲੈਸ ਇਲਾਜ ਲਈ ਪੁੱਖਤਾ ਪ੍ਰਬੰਧ ਕੀਤੇ ਜਾਣ ਅਤੇ ਕੋਈ ਸ਼ਿਕਾਇਤ ਨਹੀ ਆਉਣੀ ਚਾਹੀਦੀ। ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਜ਼ਿਲ੍ਹਾਵਾਰ ਸਿਹਤ ਸਕੀਮਾ ਦੀ ਰੈਂਕਿੰਗ ਕੀਤੀ ਜਾਵੇ ਅਤੇ ਵਧੀਆ ਕੰਮ ਕਰਨ ਵਾਲੇ ਜ਼ਿਲ੍ਹੇ ਨੂੰ ਸਨਮਾਨਿਤ ਕੀਤਾ ਜਾਵੇ।

**(ਡਾਇਰੈਕਟਰ ਐਨ.ਐਚ.ਐਮ ਕਾਰਵਾਈ ਕਰਨ)**

- ਸਾਰੀਆ ਕੈਸ਼ਲੈਸ ਸਿਹਤ ਸਕੀਮਾ ਨੂੰ ਸੁਚਾਰੂ ਢੰਗ ਨਾਲ ਚਲਾਇਆ ਜਾਵੇ ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਨਵ ਨਿਯੁਕਤ ਡਾਕਟਰਾ ਦੇ ਪ੍ਰੋਬੇਸ਼ਨ ਪੀਰੀਅਡ ਸਮੇ ਸਿਰ ਕਲੀਅਰ ਕੀਤੇ ਜਾਣ ਅਤੇ ਏ.ਸੀ.ਪੀ ਕੇਸ ਚੈੱਕ ਕੀਤੇ ਜਾਣ।ਕੋਈ ਏ.ਸੀ.ਪੀ ਕੇਸ ਪੈਂਡਿੰਗ ਨਹੀ ਰਹਿਣਾ ਚਾਹੀਦਾ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਮਰੀਜਾ ਨੂੰ EDL ਦੇ ਅਨੁਸਾਰ ਹੀ ਦਵਾਈਆ ਦਿੱਤੀਆ ਜਾਣ ਅਤੇ ਮਰੀਜਾ ਨੂੰ ਕੋਈ ਵੀ ਬਾਹਰ ਦੀ ਦਵਾਈ ਨਾ ਲਿਖੀ ਜਾਵੇ ਜੋ EDL ਵਿੱਚ ਮੌਜੂਦ ਹੋਵੇ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਆਰ.ਬੀ.ਐਸ.ਕੇ ਪ੍ਰੋਗਰਾਮ ਅਧੀਨ ਜ਼ਿਲ੍ਹਾ ਪੱਧਰ ਤੇ ਜ਼ਿਲ੍ਹਾ ਕੁਆਰਡੀਨੇਟਰ ਦਾ ਕੰਮ ਆਊਟ ਸੋਰਸ ਰਾਹੀ ਕਰਵਾਇਆ ਜਾਵੇ।

**(ਏ.ਡੀ.ਹੈਲਥ ਐਜੂਕੇਸ਼ਨ ਕਾਰਵਾਈ ਕਰਨ)**

- ਜਿਲ੍ਹਾ ਸਮੂਹ ਸਿੱਖਿਆ ਅਤੇ ਸੂਚਨਾ ਅਫਸਰ ਦੀ ਅਸਾਮੀਆ ਦੀ ਰੈਸ਼ਨੇਲਾਈਜ਼ੇਸ਼ਨ ਕੀਤੀ ਜਾਵੇ।ਤਾਂ ਜੋ ਆਈ.ਈ.ਸੀ ਗਤੀਵਿਧੀਆ ਸੁਚਾਰੂ ਢੰਗ ਨਾਲ ਚਲਾਈਆ ਜਾ ਸਕਣ।

**(ਡੀ.ਐਚ.ਐਸ ਕਾਰਵਾਈ ਕਰਨ)**

- ਹੋਮ ਡਿਲੀਵਰੀ ਨਹੀ ਹੋਣੀ ਚਾਹੀਦੀ ।ਸੰਸਥਾਗਤ ਜਣੇਪੇ ਨੂੰ ਬੜਾਵਾ ਦਿੱਤਾ ਜਾਵੇ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਅਗਲੇ ਮਹੀਨਿਆ ਲਈ ਡੇਂਗੂ ਅਤੇ ਡਾਇਰੀਆ ਦੀ ਰੋਕਥਾਮ ਲਈ ਅਗੇਤਰੇ ਪ੍ਰਬੰਧ ਕੀਤੇ ਜਾਣ। ਓ.ਆਰ.ਐਸ ਅਤੇ ਜ਼ਿੰਕ ਦੀ ਗੋਲੀਆ ਦੀ ਸਪਲਾਈ ਹੋਣੀ ਚਾਹੀਦੀ ਹੈ।

**(ਡਾਇਰੈਕਟਰ ਪ੍ਰੋਕਿਊਰਮੈਟ PHSC ਅਤੇ ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

## ਐਮ.ਡੀ.ਐਨ.ਐਚ.ਐਮ ਅਤੇ ਪੀ.ਐਚ.ਐਸ.ਸੀ- ਸ੍ਰੀ ਹੁਸਨ ਲਾਲ, ਆਈ.ਏ.ਐਸ

- ਸਾਰੇ ਜ਼ਿਲ੍ਹੇ ਆਪਣੇ-ਆਪਣੇ ਖਰਚੇ ਪੂਰੇ ਕਰਨ ਲਈ ਵਧਾਈ ਦੇ ਪਾਤਰ ਹਨ । ਸਾਲ 2016-17 ਦੀ ਪੀ.ਆਈ.ਪੀ ਅਪਰੂਵਡ ਹੋ ਚੁੱਕੀ ਹੈ।
- ਸਾਰੇ ਪ੍ਰੋਗਰਾਮ ਅਫ਼ਸਰ ਆਪਣੇ-ਆਪਣੇ ਪ੍ਰੋਗਰਾਮ ਦੀ ਰੈਗੂਲਰ ਰਿਵਿਊ ਮੀਟਿੰਗਾ ਕਰਨ।
- ਐਂਟੀ ਬਾਇਓਟਿਕਸ ਦੀ ਸਹੀ ਵਰਤੋ ਸੰਬੰਧੀ ਰੈਸਨੇਲਾਈਜੇਸਨ ਕੀਤੀ ਜਾਵੇ।
- ਜੇ.ਐਸ.ਐਸ.ਕੇ ਸੰਬੰਧੀ ਆਮ ਜਨਤਾ ਵਿੱਚ ਜਾਗਰੂਕਤਾ ਪੈਦਾ ਕੀਤੀ ਜਾਵੇ। ਜੇ.ਐਸ.ਐਸ.ਕੇ ਦੀਆ ਰਿਪੋਰਟਾ ਦਾ ਫ਼ਿਜੀਕਲ ਅਤੇ ਫਾਇਨੈਨਸ਼ੀਅਲ ਡਾਟਾ ਮੈਚ ਕਰਦਾ ਹੋਵੇ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਓ.ਟੀ. ਦੀ ਕਾਰਬੋਲਾਈਜ਼ੇਸਨ ਅਤੇ ਫਿਊਮੀਗੇਸ਼ਨ ਸਹੀ ਤਰੀਕੇ ਨਾਲ ਕੀਤੀ ਜਾਵੇ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਸਾਰੇ ਜ਼ਿਲ੍ਹੇ ਆਪਣੇ-ਆਪਣੇ ਖਰਚਿਆ ਦੇ ਵਰਤੋ ਸਰਟੀਫਿਕੇਟ ਸਟੇਟ ਹੈਡ-ਕੁਆਟਰ ਨੂੰ ਜਲਦੀ ਤੋ ਜਲਦੀ ਭੇਜਣ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਕਨਡੈਮੀਨੇਸਨ ਪਾਲਿਸੀ ਬਣਾਕੇ ਸਰਕੂਲੇਟ ਕੀਤੀ ਜਾਵੇ।

**(ਡਾਇਰੈਕਟਰ PHSC ਕਾਰਵਾਈ ਕਰਨ)**

- ਜ਼ਿਲ੍ਹਿਆ ਨੂੰ ਜਿਹੜਾ ਵੀ ਸਮਾਨ ਚਾਹੀਦਾ ਹੈ ਉਸ ਸਮਾਨ ਦੀ ਤਜ਼ਵੀਜ ਬਣਾ ਕੇ ਸਟੇਟ ਹੈਡਕੁਆਟਰ ਨੂੰ ਭੇਜੀ ਜਾਵੇ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਮੈਨਸਟਰੂਅਲ ਹਾਈਜੀਨ ਸਕੀਮ ਦੇ ਖਰਚੇ ਬੁੱਕ ਕੀਤੇ ਜਾਣ। ਇਸ ਸਬੰਧੀ ਰਿਪੋਰਟਾ ਭੇਜੀਆ ਜਾਣ ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

## ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ- ਡਾ: ਹਰਿੰਦਰਪਾਲ ਸਿੰਘ ਬਾਲੀ

- ਸਾਰੇ ਕੌਮੀ ਸਿਹਤ ਪ੍ਰੋਗਰਾਮਾ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ ।
- ਸਲਾਨਾ ਗੁਪਤ ਰਿਪੋਰਟਾ ਅਤੇ ਪਰਾਪਰਟੀ ਰਿਟਰਨਾ 12 ਮਈ ਤੱਕ ਸਟੇਟ ਹੈਡਕੁਆਰਟਰ ਭੇਜੀਆ ਜਾਣ ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ ਸਬੰਧੀ ਕਪੂਰਥਲਾ, ਲੁਧਿਆਣਾ,ਸੰਗਰੂਰ ਦਾ ਕੰਮ ਵਧੀਆ ਹੈ। ਬਾਕੀ ਜ਼ਿਲ੍ਹਿਆਂ ਨੂੰ ਵੀ ਇਸ ਯੋਜਨਾ ਸਬੰਧੀ ਲੋਕਾਂ ਨੂੰ ਵਧੇਰੇ ਜਾਗਰੂਕ ਕਰਨਾ ਚਾਹੀਦਾ ਹੈ।ਲੋਕਾ ਵਿੱਚ ਉਤਸ਼ਾਹ ਪੈਦਾ ਕੀਤਾ ਜਾਵੇ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਜਨਮ ਅਤੇ ਮੌਤ ਰਜਿਸਟਰੇਸ਼ਨ ਦੀਆਂ ਰਿਪੋਰਟਾ ਤੁਰੰਤ ਸਟੇਟ ਹੈਡਕੁਆਰਟਰ ਭੇਜੀਆ ਜਾਣ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਮੁੱਖ ਮੰਤਰੀ ਸੰਗਤ ਦਰਸ਼ਨ ਦੀਆਂ ਸ਼ਿਕਾਇਤਾ ਦਾ ਤੁਰੰਤ ਬਿਨ੍ਹਾਂ ਕਿਸੇ ਦੇਰੀ ਦੇ ਨਿਪਟਾਰਾ ਕਰਨਾ ਯਕੀਨੀ ਬਣਾਇਆ ਜਾਵੇ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- 31 ਮਈ 2016 ਨੂੰ ਵਰਲਡ ਨੋ ਤੰਬਾਕੂ ਦਿਵਸ ਮਨਾਇਆ ਜਾਣਾ ਹੈ।ਹਰ ਮਹੀਨੇ ਗੁਟਕਾ ਅਤੇ ਦੂਜੇ ਤੰਬਾਕੂ ਉਤਪਾਦਾ ਦੇ 5 ਸੈਪਲ ਭਰਨੇ ਯਕੀਨੀ ਬਣਾਏ ਜਾਣ।ਹੁਣ ਤੱਕ 20190 ਚਲਾਨ ਕੱਟੇ ਹਨ ਅਤੇ 12.16 ਲੱਖ ਰੁਪਏ ਇਕੱਤਰ ਕੀਤੇ ਗਏ ਹਨ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਜ਼ਿਲ੍ਹਾ ਪੱਧਰ ਤੇ ਤੰਬਾਕੂ ਕੰਟਰੋਲ ਲਈ ਬਣਾਈ ਟਾਸਕ ਫੋਰਸ ਦੀਆਂ ਮੀਟਿੰਗਾਂ ਕੀਤੀਆਂ ਜਾਣ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਮੁੱਖ ਮੰਤਰੀ ਪੰਜਾਬ ਕੈਂਸਰ ਰਾਹਤ ਕੋਸ਼ ਕੈਸਲੈਸ ਸਕੀਮ ਤਹਿਤ 389 ਕਰੋੜ ਰੁਪਏ ਵੰਡੇ ਜਾ ਚੁੱਕੇ ਹਨ ਅਤੇ ਇਸ ਸਕੀਮ ਦਾ ਲਾਭ ਦੇਣ ਲਈ ਆਨਲਾਈਨ ਐਪਲੀਕੇਸ਼ਨ ਸੇਵਾ ਸੁਰੂ ਕਰ ਦਿੱਤੀ ਗਈ ਹੈ।ਇਸ ਸਕੀਮ ਬਾਰੇ ਲੋਕਾਂ ਨੂੰ ਜਾਣਕਾਰੀ ਦਿੱਤੀ ਜਾਵੇ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਮੁੱਖ ਮੰਤਰੀ ਕੈਸਰ ਰਾਹਤ ਕੋਸ਼ ਸਕੀਮ ਚਲਾਉਣ ਲਈ ਆਨਲਾਈਨ ਐਪਲੀਕੇਸ਼ਨ ਲਈ ਕਲਰਕ,ਫਾਰਮਾਸਿਸਟ,ਕੰਪਿਊਟਰ ਅਪਰੇਟਰ ਅਤੇ ਇੰਨਟਰਨੈਟ ਕੁਨੈਕਸ਼ਨ ਦਾ ਪ੍ਰਬੰਧ ਕੀਤਾ ਜਾਵੇ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਮਲੇਰੀਆ ਨੂੰ ਪੰਜਾਬ ਵਿਚੋ ਜੜ ਤੋ ਖਤਮ ਕੀਤਾ ਜਾ ਰਿਹਾ ਹੈ। ਹੁਣ ਤੱਕ ਮਲੇਰੀਆ ਦੇ 27 ਕੇਸ ਪੀ.ਵੀ ਅਤੇ ਦੋ ਕੇਸ ਪੀ.ਐਫ ਦੇ ਹੋਏ ਹਨ। ਮਲੇਰੀਆਂ ਸਬੰਧੀ ਸਰਵੇਲੈਂਸ ਮਜਬੂਤ ਕੀਤਾ ਜਾਵੇ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਡੇਂਗੂ ਦੇ ਹੁਣ ਤੱਕ 166 ਸਸਪੈਕਟਡ ਕੇਸ ਹੋਏ ਹਨ।ਡੇਂਗੂ ਸਬੰਧੀ ਆਈ.ਈ.ਸੀ/ਬੀ.ਸੀ.ਸੀ ਗਤੀਵਿਧੀਆਂ ਤੇਜ਼ ਕੀਤੀਆਂ ਜਾਣ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਆਈ.ਡੀ.ਐਸ.ਪੀ ਦੇ ਐਸ ਫਾਰਮ ਦੀ ਰਿਪੋਰਟ ਵਿੱਚ ਵਾਧਾ ਕੀਤਾ ਜਾਵੇ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਚਿਕਨ ਪੌਕਸ,ਮੀਜ਼ਲ,ਡਾਇਰੀਆਂ ਦੀ ਹੁਣ ਤੱਕ 33 ਆਊਟ ਬਰੇਕ ਹੋਈਆਂ ਹਨ।ਇਨ੍ਹਾਂ ਆਊਟ ਬਰੇਕ ਦੀ ਰੋਕਥਾਮ ਸਬੰਧੀ ਪੁਖਤਾ ਪ੍ਰਬੰਧ ਕੀਤੇ ਜਾਣ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- 31 ਡਾਕਟਰਾਂ ਦੇ ਬੈਂਚ ਮਾਰਕ ਘੱਟ ਪਾਏ ਗਏ ਹਨ।(ਖਾਸ ਕਰਕੇ ਸਰਜਨ ਅਤੇ ਅਨੈਸਥੇਟਿਸਟ) ਇਨ੍ਹਾਂ ਡਾਕਟਰਾਂ ਦੇ ਘੱਟ ਕੰਮ ਕਰਨ ਦੇ ਕਾਰਨ ਸਪੱਸਟ ਕੀਤੇ ਜਾਣ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਫੈਕੋ ਸਰਜਰੀ ਵਿੱਚ ਵਾਧਾ ਕੀਤਾ ਜਾਵੇ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਐਨ.ਪੀ.ਸੀ.ਬੀ ਪ੍ਰੋਗਰਾਮ ਅਧੀਨ ਕੈਟਾਰੈਕਟ ਸਰਜਰੀ ਦੇ ਕੰਮ ਵਿੱਚ ਸੁਧਾਰ ਕੀਤਾ ਜਾਵੇ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਆਰ.ਐਨ.ਟੀ.ਸੀ.ਪੀ ਅਧੀਨ ਟੀ.ਬੀ ਮਰੀਜ਼ਾ ਦਾ ਐਚ.ਆਈ.ਵੀ ਟੈਸਟ ਕਰਵਾਇਆ ਜਾਵੇ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਅਰਬਨ ਹੈਲਥ ਮਿਸ਼ਨ ਅੰਮ੍ਰਿਤਸਰ ਵਿਖੇ ਅਕਾਊਟੈਂਟ ਦੀ ਖਾਲੀ ਅਸਾਮੀ ਆਊਟ ਸੋਰਸ ਰਾਂਹੀ ਭਰੀ ਜਾਵੇ।

**(ਡਾਇਰੈਕਟਰ ਐਨ.ਐਚ.ਐਮ ਕਾਰਵਾਈ ਕਰਨ)**

- ਈ.ਐਸ.ਆਈ ਮੰਡੀ ਗੋਬਿੰਦਗੜ੍ਹ ਤੋਂ ਫਾਰਮਾਸਿਸਟ ਲਏ ਜਾਣ।

**( ਸਿਵਲ ਸਰਜਨ ਫਤਹਿਗੜ੍ਹ ਸਾਹਿਬ ਕਾਰਵਾਈ ਕਰਨ)**

- ਡਰੱਗ ਡੀ ਐਡੀਕਸ਼ਨ ਸੈਂਟਰ ਅਤੇ ਰੀ-ਹੈਬੀਲੀਟੇਸ਼ਨ ਸੈਂਟਰਾਂ ਨੂੰ ਸੁਚਾਰੂ ਢੰਗ ਨਾਲ ਚਲਾਇਆ ਜਾਵੇ ਅਤੇ ਰੈਗੂਲਰ ਚੈਕਿੰਗ ਕੀਤੀ ਜਾਵੇ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਰੀ-ਹੈਬੀਲੀਟੇਸ਼ਨ ਸੈਂਟਰਾਂ ਤੇ ਅਧਿਆਤਮਕ,ਸਕਿੱਲ ਡਿਵੈਲਪਮੈਂਟ,ਸਪੋਰਟਸ ਗਤੀਵਿਧੀਆ ਹੋਣੀਆਂ ਯਕੀਨੀ ਬਣਾਈਆ ਜਾਣ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਟਾਟਾ ਮੈਮੋਰੀਅਲ ਕੈਂਸਰ ਹਸਪਤਾਲ ਮੁੰਬਈ ਵੱਲੋਂ ਟਰੇਡ ਕੀਤੇ ਸਟਾਫ ਨੂੰ ਮਾਸਟਰ ਟਰੇਨਰ ਵਜੋ ਵਰਤ ਲਿਆ ਜਾਵੇ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਹਰ ਇੱਕ ਜ਼ਿਲ੍ਹਾ ਹੈਡਕੁਆਰਟਰ ਤੇ ਛਾਤੀ ਦੇ ਕੈਂਸਰ ਲਈ ਅਰਲੀ ਡਾਇਆਗਨੌਜ਼ ਲਈ ਬੇਲੋੜੀ ਮੈਮੋਗ੍ਰਾਫੀ ਨਾ ਕੀਤੀ ਜਾਵੇ।ਇਸ ਦੀ ਥਾਂ ਤੇ ਦੂਜੇ ਤਰੀਕਿਆ ਦੀ ਵਰਤੋ ਕੀਤੀ ਜਾਵੇ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

**ਡਾਇਰੈਕਟਰ ਫੈਮਿਲੀ ਵੈਲਫੇਅਰ- ਡਾ: ਊਸਾ ਬਾਂਸਲ**

- ਮਾਵਾਂ ਦੀ ਮੌਤ ਦਰ ਦਾ ਮੁੱਖ ਕਾਰਨ ਅਨੀਮਿਆ ਹੈ।ਇਸ ਲਈ ਕੋਈ ਵੀ ਗਰਭਵਤੀ ਔਰਤ ਅਤੇ ਬਾਲਕ ਲੜਕੀ ਅਨੀਮਿਕ ਨਹੀ ਰਹਿਣੀ ਚਾਹੀਦੀ।ਇਸ ਸਬੰਧੀ ਪਹਿਲਾਂ ਹੀ ਜ਼ਿਲ੍ਹਿਆਂ ਨੂੰ ਗਾਈਡਲਾਈਨਜ ਭੇਜੀਆ ਜਾ ਚੁੱਕੀਆਂ ਹਨ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਜੇ.ਐਸ.ਵਾਈ ਦੀ ਪੇਮੈਂਟ ਸਿੱਧੇ ਤੌਰ ਤੇ ਜਣੇਪੇ ਵਾਲੀ ਮਾਂ ਦੇ ਖਾਤੇ ਵਿੱਚ ਹੀ ਭੇਜੀ ਜਾਵੇ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਐਸ.ਐਨ.ਸੀ.ਯੂ ਦੀ ਰਿਪੋਰਟ ਵਿੱਚ ਸੁਧਾਰ ਕੀਤਾ ਜਾਵੇ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਅਨੀਮਿਕ ਅਤੇ ਹਾਈਰਿਸਕ ਗਰਭਵਤੀ ਔਰਤਾਂ ਦੀ ਰਿਪੋਰਟਿੰਗ ਕਰਨੀ ਯਕੀਨੀ ਬਣਾਈ ਜਾਵੇ ਅਤੇ ਹਾਈਰਿਸਕ ਗਰਭਵਤੀ ਔਰਤਾਂ ਦੀ ਸਹੀ ਪੈਰਵੀ ਕੀਤੀ ਜਾਵੇ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਸਾਈਜੇਰੀਅਨ ਸੈਕਸ਼ਨ ਰੇਟ ਕਾਫੀ ਵੱਧ ਗਿਆ ਹੈ ਜੋ ਕਿ ਗੰਭੀਰ ਚਿੰਤਾ ਦਾ ਵਿਸ਼ਾ ਹੈ।ਇਸ ਸਬੰਧੀ ਪ੍ਰਾਈਵੇਟ ਸੈਕਟਰ ਨਾਲ ਮੀਟਿੰਗਾਂ ਕੀਤੀਆ ਜਾਣ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਪੀ.ਐਚ.ਸੀ,ਸੀ.ਐਚ.ਸੀ,ਐਸ.ਡੀ.ਐਚ ਵਿੱਚ ਹਰ ਮਹੀਨੇ ਦੀ 9 ਤਾਰੀਕ ਨੂੰ ਆਸ਼ਾ ਵਰਕਰ ਦੇ ਰਾਂਹੀ ਸਪੈਸ਼ਲ ਗਾਇਨੀ ਦਾ ਕੈਂਪ ਲਗਾਇਆ ਜਾਵੇ।ਜਿਸ ਵਿੱਚ ਅਨੀਮੀਆਂ ਅਤੇ ਹਾਈਪਰਟੈਸ਼ਨ ਕੇਸ਼ਾ ਦੀ ਪਹਿਲਾਂ ਹੀ ਪਹਿਚਾਣ ਕੀਤੀ ਜਾ ਸਕੇ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

**ਡਾਇਰੈਕਟਰ ਸਿਹਤ ਸੇਵਾਵਾਂ (ਈ.ਐਸ.ਆਈ)- ਡਾ: ਗੁਲਸ਼ਨ ਰਾਏ**

- ਕੋਰਟ ਕੇਸਾ ਨੂੰ ਪਹਿਲ ਦੇ ਆਧਾਰ ਤੇ ਹੱਲ ਕੀਤਾ ਜਾਵੇ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਜੀ.ਪੀ.ਐਫ ਦੀ ਫਾਈਨਲ ਪੇਮੈਂਟ ਲਈ ਕੇਸ਼ ਹਰ ਪੱਖੋ ਮੁਕੰਮਲ ਕਰਕੇ ਹੀ ਸਟੇਟ ਹੈਡਕੁਆਰਟਰ ਨੂੰ ਭੇਜੇ ਜਾਣ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

**ਡਾਇਰੈਕਟਰ ਆਯੂਰਵੇਦਾ- ਡਾ: ਰਾਕੇਸ਼ ਸ਼ਰਮਾ**

- ਮਿਤੀ 21 ਜੂਨ 2016 ਨੂੰ ਕੋਮੀ ਯੋਗ ਦਿਵਸ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਪੁਖਤਾ ਪ੍ਰਬੰਧ ਕਰ ਲਏ ਜਾਣ।ਆਈ.ਈ.ਸੀ/ਬੀ.ਸੀ.ਸੀ ਗਤੀਵਿਧੀਆਂ ਪ੍ਰਭਾਵੀ ਢੰਗ ਨਾਲ ਕੀਤੀਆਂ ਜਾਣ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

**ਪੀ.ਐਨ.ਡੀ.ਟੀ**

- ਐਸ.ਆਈ.ਐਮ.ਸੀ ਦੀ ਨੋਟੀਫਿਕੇਸ਼ਨ ਹੋ ਗਈ ਹੈ।
- ਐਸ.ਆਈ.ਐਮ.ਸੀ ਦੀ ਟੀਮ ਤਿਆਰ ਕੀਤੀ ਗਈ ਹੈ।ਉਸ ਦੀ ਜਲਦੀ ਹੀ ਵਰਕਸ਼ਾਪ ਕਰਵਾਈ ਜਾਵੇਗੀ।

- ਡੀਟੈਕਟਿਵ ਏਜੰਸੀ ਦੀ ਸਹਾਇਤਾ ਕੀਤੀ ਜਾਵੇ।
- ਬੇਟੀ ਬਚਾਓ ਅਤੇ ਬੇਟੀ ਪੜਾਓ ਲਈ ਸਰਪੰਚਾਂ ਦੀ ਸਮੂਲੀਅਤ ਕਰਵਾਉਣ ਨੂੰ ਵਾਧਾ ਦਿੱਤਾ ਜਾਵੇ।
- ਅਲਟਰਾਸਾਊਂਡ ਸੈਂਟਰਾਂ ਦੀ ਇੰਨਪੈਕਸ਼ਨਾਂ ਵਧਾਈਆ ਜਾਣ।
- ਪੀ.ਪੀ.ਆਈ.ਯੂ.ਸੀ.ਡੀ ਦਾ ਇੰਨਸੈਨਟਿਵ ਦੋ ਹਿੱਸਿਆ ਵਿੱਚ ਦਿੱਤਾ ਜਾਵੇ।

**ਟੀਕਾਕਰਣ ਅਤੇ NPCDCS**

- ਹਰ ਮਮਤਾ ਦਿਵਸ ਤੇ ਘੱਟੋ ਘੱਟ 20 ਬੱਚੇ ਹੋਣੇ ਯਕੀਨੀ ਬਣਾਏ ਜਾਣ।
- ਹਾਈਰਿਸਕ ਏਰੀਏ ਨੂੰ ਮੋਨੀਟਰ ਕੀਤਾ ਜਾਵੇ ਅਤੇ ਐਸ.ਐਮ.ਓ ਮੌਨੀਟਰਿੰਗ ਫਾਰਮ ਭਰ ਕੇ ਭੇਜਣ।
- 29 ਮਈ 2016 ਨੂੰ ਐਸ.ਐਨ.ਆਈ.ਡੀ ਹੈ। ਇਸ ਸਬੰਧੀ ਮਾਈਕਰੋ ਪਲਾਨ ਤਿਆਰ ਕਰ ਲਏ ਜਾਣ।
- ਵਿਸ਼ਵ ਸਿਹਤ ਦਿਵਸ ਦੇ ਯੂ.ਸੀ ਭੇਜੇ ਜਾਣ।
- ਮਿਤੀ 17 ਮਈ 2016 ਨੂੰ ਵਿਸ਼ਵ ਹਾਈਪਰਟੇਸ਼ਨ ਦਿਵਸ ਮਨਾਇਆ ਜਾਣਾ ਹੈ।

**ਏਡਜ ਕੰਟਰੋਲ ਪ੍ਰੋਗਰਾਮ:-**

- ਪੀ.ਐਸ.ਏ.ਸੀ. ਐਸ ਦੀ ਸੈਲਰੀ ਦੇ ਯੂ.ਸੀ ਭੇਜੇ ਜਾਣ।
- ਐਚ.ਆਈ.ਵੀ ਟੈਸਟਿੰਗ ਦੀ ਰਿਪੋਰਟ ਭੇਜੀ ਜਾਵੇ।

**ਐਨ.ਵੀ.ਬੀ.ਡੀ.ਸੀ.ਪੀ ਪ੍ਰੋਗਰਾਮ:-**

- ਹਰ ਇੱਕ ਐਪੀਡਾਈਮੋਲੋਜਿਸਟ ਵੱਲੋਂ ਹਰ ਮਹੀਨੇ 10 ਟੂਰ ਕਰਨੇ ਯਕੀਨੀ ਬਣਾਏ ਜਾਣ।
- ਆਊਟ ਬਰੇਕ ਵਾਲੇ ਏਰੀਏ ਵੱਲ ਖਾਸ ਤਵੱਜੋ ਦਿੱਤੀ ਜਾਵੇ।

**ਚੌਕਸੀ ਵਿੰਗ ਦਫਤਰ ਡੀ.ਐਚ.ਐਸ:-**

- ਮਾਨਯੋਗ ਉਪ-ਮੁੱਖ ਮੰਤਰੀ ਪੰਜਾਬ ਵੱਲੋਂ ਸੰਗਤ ਦਰਸ਼ਨ ਦੀਆਂ ਸ਼ਿਕਾਇਤਾ ਸਬੰਧੀ ਅਰਧ ਸਰਕਾਰੀ ਪੱਤਰ ਭੇਜਿਆ ਗਿਆ ਹੈ ।ਸੰਗਤ ਦਰਸ਼ਨ ਦੀਆਂ ਪੈਡਿੰਗ ਪਈਆਂ ਸ਼ਿਕਾਇਤਾਂ ਦਾ ਤੁਰੰਤ ਨਿਪਟਾਰਾ ਕਰਕੇ ਰਿਪੋਰਟ ਆਨਲਾਈਨ ਕਰ ਦਿੱਤੀ ਜਾਵੇ।
- ਜਨ-ਔਸਧੀ ਦੀਆਂ ਸ਼ਿਕਾਇਤਾ ਦਾ ਤੁਰੰਤ ਨਿਪਟਾਰਾ ਕੀਤਾ ਜਾਵੇ।
- ਡਰੱਗਜ਼ ਦੀਆਂ ਪੈਡਿੰਗ ਪਈਆਂ ਸ਼ਿਕਾਇਤਾ ਦਾ ਪਹਿਲ ਦੇ ਆਧਾਰ ਤੇ ਤੁਰੰਤ ਨਿਪਟਾਰਾ ਕੀਤਾ ਜਾਵੇ।

**ਆਰ.ਬੀ.ਐਸ.ਕੇ ਪ੍ਰੋਗਰਾਮ:-**

- ਆਰ.ਬੀ.ਐਸ.ਕੇ ਪ੍ਰੋਗਰਾਮ ਸਬੰਧੀ ਜਾਗਰੂਕਤਾ ਕੀਤੀ ਜਾਵੇ।
- ਸਕੂਲਾਂ ਦੀ ਮੈਪਿੰਗ ਕਰਵਾਈ ਜਾਵੇ।
- ਬਹੁਤੀਆਂ ਡਲਿਵਰੀਆਂ ਵੇਲੇ ਸਕਰੀਨਿੰਗ ਨਹੀਂ ਕੀਤੀ ਜਾਦੀ। ਇਨ੍ਹਾਂ ਡਲਿਵਰੀਆਂ ਨੂੰ ਸਕਰੀਨ ਕਰਨਾ ਯਕੀਨੀ ਬਣਾਇਆ ਜਾਵੇ।
- ਆਂਗਨਵਾੜੀ ਵਰਕਰ ਦਾ ਟੂਰ ਪ੍ਰੋਗਰਾਮ ਪਲਾਨ ਕੀਤਾ ਜਾਵੇ।

**ਧੰਨਵਾਦ ਮਤੇ ਨਾਲ ਕਾਨਫਰੰਸ ਸਮਾਪਤ ਹੋਈ।**

**ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਪੰਜਾਬ,ਚੰਡੀਗੜ੍ਹ।**